# ਖ਼ੁਲਾਸਾ ਖ਼ੁਤਬਾ ਜੁਮਆ 30.01.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਜਨਵਰੀ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

(لَا يُكَلِّفُ اللّٰهُ نَفْسًا اِلَّا وُسْعَهَا (البقرة 287}) ਲਾ ਯੁਕੱਲੇਫ਼ੁੱਲਾਹੁ ਨਫ਼ਸਨ ਇਲੱਾ ਵੁਸਆਹਾ, ਇਸ ਆਇਤ ਵਿੱਚ ਸਪਸ਼ਟ ਤੌਰ ਵਿੱਚ ਪਾਇਆ ਜਾਂਦਾ ਹੈ ਕਿ ਰੱਬ ਦੇ ਆਦੇਸ਼ ਅਜਿਹੇ ਨਹੀਂ ਜਿੰਨ੍ਹਾਂ ਨੂੰ ਕੋਈ ਪੂਰਿਆਂ ਹੀ ਨ ਕਰ ਸਕੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਭਲਾਈ ਵੱਲ ਲੈ ਜਾਣ ਵਾਲਾ ਪੁੰਨ ਦਾ ਉਸੇ ਪ੍ਰਕਾਰ ਭਗੀਦਾਰ ਹੈ ਜਿਵੇਂ ਨੇਕੀ ਕਰਨ ਵਾਲਾ । ਸੋ, ਜਮਾਤ ਨਾਲ ਨਮਾਜ਼ ਪੜ੍ਹਨ ਵਾਲੇ ਨੂੰ ਜਿੱਥੇ ਆਪਣੀ ਬਾਜਮਾਤ ਨਮਾਜ਼ ਪੜ੍ਹਨ ਦਾ ਸਤਾਈ ਗੁਣਾ ਪੁੰਨ ਮਿਲੇਗਾ, ਓਥੇ ਆਪਣੇ ਨਾਲ ਲਿਆਉਣ ਵਾਲੇ ਜਿੰਨ੍ਹੇ ਲੋਕ ਹੋਣਗੇ ਉਹਨਾਂ ਦਾ ਵੀ ਪੁੰਨ ਕਮਾ ਰਿਹਾ ਹੋਵੇਗਾ ।

ਤਸ਼ਹੁੱਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ (لَا يُكَلِّفُ اللّٰهُ نَفْسًا اِلَّا وُسْعَهَا (البقرة 287}) "ਲਾ ਯੁਕੱਲਿਫ਼ੁਲੱਾਹਾ ਨਫ਼ਸਨ ਇਲੱਾ ਵੁਸਆਹਾ" ਅਰਥਾਤ ਅਲੱਾਹ ਤਆਲਾ ਕਿਸੇ ਉਪੱਰ ਉਸਦੀ ਤਾਕਤ ਤੋਂ ਵੱਧ ਜ਼ਿੰਮੇਦਾਰੀ ਨਹੀ ਪਾਉਂਦਾ । ਸੋ, ਅਲੱਾਹ ਤਅਲਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਕੋਈ ਅਜਿਹਾ ਹੁਕਮ ਨਹੀਂ ਦਿੰਦਾ ਜੋ ਮਾਨਵੀ ਸ਼ਕਤੀ, ਉਸ ਦੀ ਪਹੁੰਚ ਅਤੇ ਉਸ ਦੀ ਯੋਗਤਾ ਤੋਂ ਵੱਧ ਹੋਵੇ । ਸੋ, ਜੱਦ ਰੱਬ ਵੱਲੋਂ ਅਜਿਹੇ ਆਦੇਸ਼ ਆਉਂਦੇ ਹਨ, ਜਿੰਨ੍ਹਾ ਉਪੱਰ ਅਮਲ ਕਰਨਾ ਮਨੁੱਖੀ ਸ਼ਕਤੀ ਤੋਂ ਬਾਹਰ ਨਹੀਂ ਤਾਂ ਫਿਰ ਉਹਨਾਂ 'ਤੇ ਅਮਲ ਕਰਨ ਦੀ ਜ਼ਿੰਮੇਦਾਰੀ ਮਨੁੱਖ ਉਪੱਰ ਲਾਗੂ ਹੁੰਦੀ ਹੈ । ਇਕ ਹਕੀਕੀ ਮੋਮਨ ਇਹ ਉਜ਼ਰ ਨਹੀਂ ਕਰ ਸਕਦਾ ਕਿ ਫ਼ਲਾਣਾ ਆਦੇਸ਼ ਮੇਰੀ ਸ਼ਕਤੀ ਤੋਂ ਬਾਹਰ ਹੈ । ਜੇਕਰ ਰੱਬ ਉਪੱਰ ਈਮਾਨ (ਆਸਥਾ) ਹੈ ਤਾਂ ਫਿਰ ਰੱਬ ਦੀ ਇਸ ਗੱਲ ਉਪੱਰ ਵੀ ਈਮਾਨ ਲਾਜ਼ਮੀ ਹੈ ਕਿ ਉਸ ਦੇ ਸਾਰੇ ਆਦੇਸ਼ ਸਾਡੀ ਪਹੁੰਚ ਅਨੁਸਾਰ ਹਨ ਅਤੇ ਸਾਨੂੰ ਉਹਨਾਂ'ਤੇ ਆਪਣੇ ਸਾਰਿਆਂ ਜਤਨਾਂ ਨਾਲ ਅਮਲ ਕਰਨ ਦਾ ਦਾ ਜਤਨ ਕਰਨਾ ਚਾਹੀਦਾ ਹੈ । ਇਹ ਇਸਲਾਮ ਦੀ ਸੁੰਦਰ ਸਿੱਖਿਆ ਹੈ ਕਿ ਅਅਲੱਾਹ ਤਆਲਾ ਨੇ ਇਹ ਨਹੀਂ ਫ਼ਰਮਾਇਆ ਕਿ ਆਦੇਸ਼ ਹੈ ਤੁਸੀਂ ਇਸ'ਤੇ ਅਮਲ ਕਰਕੇ ਉਸ ਦੇ ਉਚੱਤਮ ਮਿਆਰਾਂ ਨੂੰ ਅਵਸ਼ ਪ੍ਰਾਪਤ ਕਰਨਾ, ਨਹੀਂ ਤਾਂ ਉਸ'ਤੇ ਅਮਲ ਨ ਕਰਨ ਕਰਕੇ ਤੁਸੀਂ ਦੰਡ ਦੇ ਭਾਗੀਦਾਰ ਹੋਵੋਗੇ, ਸਗੋਂ ਇਹ ਫ਼ਰਮਾਇਆ ਹਰ ਆਦੇਸ਼ ਉਪੱਰ ਅਮਲ ਤੁਹਾਡੀ ਯੋਗਤਾ ਅਨੁਸਾਰ ਜ਼ਰੂਰੀ ਹੈ । ਅਤੇ ਜੱਦ ਅਸੀਂ ਮਨੁੱਖੀ ਸੁਭਾਵ ਦਾ ਮਨੁੱਖੀ ਹਾਲਤ ਦਾ ਜਾਇਜ਼ਾਹ ਲੈਂਦੇ ਹਾਂ ਤਾਂ ਪਤਾ ਚਲਦਾ ਹੈ ਕਿ ਹਰ ਮਨੁੱਖ ਦੀ ਹਾਲਤ ਅੱਡਰੀ ਹੈ । ਉਸ ਦੀ ਮਾਨਸਕ ਅਵਸਥਾ, ਉਸ ਦੀ ਸ਼ਰੀਰਕ ਬਣਤਰ, ਉਸ ਦਾ ਗਿਆਨ ਅਤੇ ਉਸ ਦੀ ਬੋਧਿਕਤਾ ਆਦਿ ਭਿੰਨ ਹਨ ।

ਸੋ, ਅਲੱਾਹ ਤਆਲਾ ਨੇ ਮਨੁੱਖ ਦੀਆਂ ਕਮਜ਼ੋਰੀਆਂ, ਉਸ ਦੀ ਹਾਲਤ ਤੇ ਉਸ ਦੀਆਂ ਲੋੜਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਆਪਣੇ ਆਦੇਸ਼ਾਂ ਵਿੱਚ ਅਜਿਹੀ ਲਚਕ ਰੱਖ ਦਿੱਤੀ ਹੈ ਕਿ ਘੱਟ ਤੋਂ ਘੱਟ ਮਿਆਰ ਵੀ ਹਨ ਅਤੇ ਵੱਧ ਤੋਂ ਵੱਧ ਮਿਆਰ ਵੀ ਨਿਰਧਾਰਤ ਹਨ । ਸੋ, ਜੱਦ ਅਜਿਹੀ ਲਚਕ ਹੈ ਤਾਂ ਰੱਬ ਫ਼ਰਮਾਉਂਦਾ ਹੈ ਕਿ ਤੁਸੀਂ ਮੇਰੇ ਆਦੇਸ਼ਾਂ ਉਪੱਰ ਈਮਾਨਦਾਰੀ ਨਾਲ ਅਮਲ ਕਰੋ । ਸੋ, ਇਹ ਸੁੰਦਰ ਸਿੱਖਿਆ ਹੈ ਇਸਲਾਮ ਦੀ ਜੋ ਮਨੁੱਖੀ ਸੁਭਾਵ ਨੂੰ ਸਾਹਮਣੇ ਰੱਖਦਿਆਂ ਹੋਇਆਂ ਦਿੱਤੀ ਗਈ ਹੈ । ਰੱਬ ਨੇ ਆਪਣੇ ਆਦੇਸ਼, ਆਪਣੀਆਂ ਸਿੱਖਿਆਵਾਂ ਉਪੱਰ ਅਮਲ ਦਾ ਮਨੁੱਖ ਨੂੰ ਭਾਵੇਂ 'ਮੁਕਲੱਫ਼' (ਬਹੁਮੁੱਲ, ਕੀਮਤੀ, ਪੁਰ ਤਕਲੁੱਫ਼) ਠਹਿਰਾਇਆ ਹੈ । ਉਸ ਨੂੰ ਕਿਹਾ ਕਿ ਤੁਸੀਂ ਅਵਸ਼ ਕਰੋ ਬੇਸ਼ਕ ਉਸ ਦਾ ਛੋਟੇ ਤੋਂ ਛੋਟਾ ਮਿਆਰ ਰੱਖਕੇ, ਉਸ ਉਪੱਰ ਅਮਲ ਨ ਕਰਕੇ ਪੁੱਛ ਗਿੱਛ ਤੋਂ ਬਚਣ

ਵਾਲਿਆਂ ਦਾ ਉਜ਼ਰ ਨਹੀਂ ਰਹਿਣ ਦਿੱਤਾ । ਫ਼ਰਮਾ ਦਿੱਤਾ ਕਿ ਇਹ ਮਿਆਰ ਹਨ ਤੁਹਾਡੀ ਅਵਸਥਾ ਅਨੁਸਾਰ, ਇਹਨਾਂ'ਤੇ ਬਹਿਰਹਾਲ ਚਲਨਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ :

ਕੋਈ ਮਨੁੱਖ ਵੀ ਅਕਲ ਦੇ ਵਿਰੁਧ ਗੱਲਾਂ ਨੂੰ ਮਨੰਣ ਲਈ ਮਜਬੂਰ ਨਹੀਂ ਹੋ ਸਕਦਾ । ਸ਼ਰੀਰਕ ਸਹਿਨ ਸ਼ਕਤੀ ਅਤੇ ਹੌਂਸਲੇ ਤੋਂ ਵੱਧ ਕੇ ਕਿਸੇ ਪ੍ਰਕਾਰ ਦਾ ਸ਼ਰਈ ਕਸ਼ਟ ਨਹੀਂ ਉਠਵਾਇਆ ਗਿਆ । (لَا يُكَلِّفُ اللّٰهُ نَفْسًا إِلَّا وُسْعَهَا (البقرة 287) 'ਲਾ ਯੁਕੱਲਿਫ਼ੁਲੱਾਹਾ ਨਫ਼ਸਨ ਇਲੱਾ ਵੁਸਆਹਾ' ਇਸ ਆਇਤ ਤੋਂ ਸਪਸ਼ਟ ਹੈ ਕਿ ਰੱਬ ਦੇ ਆਦੇਸ਼ ਅਜਿਹੇ ਨਹੀਂ ਹਨ ਜਿੰਨ੍ਹਾ ਨੂੰ ਕੋਈ ਪੂਰਿਆਂ ਹੀ ਨ ਕਰ ਸਕੇ । ਸੋ, ਰੱਬ ਨੇ ਹਰ ਮਨੁੱਖ ਦੀ ਸ਼ਕਤੀ ਜੋ ਉਸ ਨੂੰ ਅੰਗ ਦਿੱਤੇ ਹੋਏ ਹਨ, ਜੋ ਸ਼ਕਤੀਆਂ ਦਿੱਤੀਆਂ ਹੋਈਆਂ ਹਨ ਉਸ ਦੀ ਸਹਿਨਸ਼ੀਲਤਾ ਤੇ ਤਾਕਤ ਅਨੁਸਾਰ ਆਪਣੇ ਆਦੇਸ਼ਾਂ ਉਪੱਰ ਅਮਲ ਕਰਨ ਦੀ ਮਨੁੱਖ ਤੋਂ ਆਸ਼ਾ ਕੀਤੀ ਹੈ । ਰੱਬ ਕੋਈ ਸਾਡੇ ਵਾਂਗ ਨਹੀਂ ਹੈ ਕਿ ਆਪਣੇ ਰੁਹਬ ਕਾਇਮ ਕਰਨ ਲਈ ਆਦੇਸ਼ ਦੇਵੇ, ਸਗੋਂ ਰੱਬ ਦੀਆਂ ਰਹਿਮਤਾਂ ਤਾਂ ਆਪਣੇ ਬੰਦੇ ਉਪੱਰ ਬੇਸ਼ੁਮਾਰ ਹਨ । ਹਰ ਇਕ ਦੀ ਯੋਗਤਾ ਅਨੁਸਾਰ ਉਸ ਤੋਂ ਅਮਲ ਦੀ ਆਸ਼ਾ ਰੱਖਦਾ ਹੈ ਅਤੇ ਅਤਿਅੰਤ ਪ੍ਰਤੀਫ਼ਲ ਦਿੰਦਾ ਹੈ । ਸੋ, ਕੀ ਅਜਿਹਾ ਰੱਬ ਜੋ ਆਪਣੇ ਬੰਦਿਆਂ ਉਪੱਰ ਐਨ੍ਹਾ ਮਿਹਰਬਾਨ ਹੋਵੇ ਉਸ ਦੀਆਂ ਗੱਲਾਂ ਉਪੱਰ ਅਮਲ ਕਰਨ ਲਈ ਮਨੁੱਖ ਨੂੰ ਆਪਣੀ ਯੋਗਤਾ ਅਨੁਸਾਰ ਜਤਨ ਨਹੀਂ ਕਰਨਾ ਚਾਹੀਦਾ? ਨਿਸ਼ਚੇ ਹੀ ਇਕ ਹਕੀਕੀ ਮੋਮਨ ਇਸ ਲਈ ਜਤਨ ਕਰੇਗਾ ਅਤੇ ਕਰਨਾ ਚਾਹੀਦਾ ਹੈ ।

ਫਿਰ ਇਕ ਥਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਲਾ ਯੁਕੱਲਿਫ਼ੁਲੱਾਹੁ ਨਫ਼ਸਨ ਇਲੱਾ ਵੁਸਆਹਾ ਦਾ ਵਿਸਥਾਰ ਕਰਦੇ ਹੋਏ ਫ਼ਰਮਾਇਆ ਕਿ ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ ਮਾਮਲਾ ਕੀਤਾ ਜਾਵੇਗਾ । ਸ਼ਰੀਅਤ ਨਰਮੀ ਤੇ ਆਸਾਨੀ ਦਿੰਦੀ ਹੈ । ਸੋ, ਅਲੱਾਹ ਤਆਲਾ ਨੇ ਯੋਗਤਾਵਾਂ ਅਨੁਸਾਰ ਅਮਲ ਦਾ ਕਹਿ ਕੇ ਛੋਟੀ ਤੋਂ ਛੋਟ ਅਤੇ ਵੱਡੀ ਤੋਂ ਵੱਡੀ ਹੱਦ ਨਿਰਧਾਰਤ ਕਰ ਦਿੱਤੀ । ਹਰ ਇਕ ਆਪਣੀ ਬੋਧਕ ਤੇ ਗਿਆਨ ਦੀ ਅਵਸਥਾ ਅਨੁਸਾਰ ਮਨੁੱਖੀ ਸੂਝ ਬੂਝ ਦੀ ਅਤੇ ਕੰਮਾ ਦੀ ਵੀ ਹੱਦਬੰਦੀ ਕਰ ਦਿੱਤੀ ਕਿ ਜੋ ਜਿਸ ਦੀ ਯੋਗਤਾ ਹੈ ਉਸ ਅਨੁਸਾਰ ਉਸ ਦਾ ਈਮਾਨ (ਆਸਥਾ) ਤਾਂ ਬਹਿਰਹਾਲ ਪ੍ਰਾਪਤ ਕਰਨਾ ਚਾਹੀਦਾ ਹੈ ਜੇਕਰ ਉਹ ਛੋਟੀ ਤੋਂ ਛੋਟੀ ਅਕਲ ਦਾ ਵੀ ਮਿਆਰ ਨਿਰਧਾਰਤ ਨ ਕਰਦਾ, ਫਿਰ ਸਾਰੇ ਲੋਕ ਈਮਾਨ ਲਿਆਉਣ ਦੇ 'ਮੁਕਲੱਫ਼' ਨ ਹੁੰਦੇ । ਉਹਨਾਂ'ਤੇ ਲਾਜ਼ਮੀ ਨ ਹੁੰਦਾ ਕਿ ਅਵਸ਼ ਈਮਾਨ ਲਿਆਉਣ । ਕੇਵਲ ਉਹੋ ਉਸ ਦੇ ਮੁਕਲੱਫ਼ ਹੁੰਦੇ ਜੋ ਅਕਲ ਦੇ ਉੱਚੇ ਮਿਆਰ ਦੇ ਹਨ । ਜਿੰਨ੍ਹਾ ਦੀਆਂ ਯੋਗਤਾਵਾਂ ਤੇ ਪਹੁੰਚ ਬਹੁਤ ਅਧਿਕ ਹਨ । ਜੇਕਰ ਕਿਸੇ ਮਨੁੱਖ ਨੂੰ ਕੋਈ ਗੱਲ ਸਮਝ ਨ ਆਵੇ ਤਾਂ ਫਿਰ ਉਸ'ਤੇ ਅਮਲ ਨ ਕਰਨ ਦਾ ਦੋਸ਼ ਲਾਗੂ ਨਹੀਂ ਹੁੰਦਾ । ਇਸ ਲਈ ਰੱਬ ਨੇ ਛੋਟੀ ਅਕਲ ਤੋਂ ਲੈਕੇ ਉਤੱਮ ਅਕਲ ਤੱਕ ਵੱਖ ਵੱਖ ਦਰਜਿਆਂ ਦੇ ਪੱਖੋਂ ਮਿਆਰ ਰੱਖੇ ਹਨ । ਕੋਈ ਵੱਡਾ ਸੂਝਵਾਨ ਹੈ ਕੋਈ ਘੱਟ ਅਕਲਮੰਦ ਹੈ । ਕਿਸੇ ਦੀ ਯੋਗਤਾ ਬਹੁਤ ਹੈ । ਕਿਸੇ ਦੀ ਪਹੁੰਚ ਬਹੁਤ ਘੱਟ ਹੈ । ਦੁਨੀਆਦਾਰੀ ਦੇ ਮਾਮਲੇ ਵਿੱਚ ਅਸੀਂ ਦੇਖਦੇ ਹਾਂ । ਇਸੇ ਬੋਧਕ ਰੁਝਾਨ ਤੇ ਅਵਸਥਾ ਅਨੁਸਾਰ ਕੋਈ ਵੱਡੇ ਵੱਡੇ ਕਾਰ ਕਰਨ ਦੀ ਯੋਗਤਾ ਰਖੱਦਾ ਹੈ ਅਤੇ ਬਹੁਤ ਅੱਗੇ ਨਿਕਲ ਜਾਂਦਾ ਹੈ ਕੋਈ ਵਿਰਕਾਰ ਰਿਹਿੰਦਾ ਹੈ ਕੋਈ ਬਹੁਤ ਪਿੱਛੇ ਰਹਿ ਜਾਂਦਾ ਹੈ । ਇਹ ਤਾਂ ਸੁਭਾਵਕ ਚੀਜ਼ ਹੈ ਕਿ ਰੁਝਾਨ, ਭਿੰਨ ਭਿੰਨ ਕਾਰਜਾਂ ਦੇ ਕਰਨ ਅਤੇ ਉਹਨਾਂ ਵਿੱਚ ਸਫ਼ਲਤਾ ਪ੍ਰਾਪਤ ਕਰਨ ਵੱਲ ਲੈ ਜਾਂਦਾ ਹੈ । ਬਹਿਰਹਾਲ ਕੋਈ ਮਨੁੱਖ ਬਰਾਬਰ ਨਹੀਂ ਹੋ ਸਕਦਾ । ਰੱਬ ਨੇ ਬਰਾਬਰ ਪੈਦਾ ਹੀ ਨਹੀਂ ਕੀਤਾ, ਨ ਹੀ ਹਾਲਾਤ ਬਰਾਬਰ ਰੱਖ ਸਕਦੇ ਹਨ । ਮਨੁੱਖ ਦੀਆਂ ਯੋਗਤਾਵਾਂ ਵਿੱਚ ਅੰਤਰ ਹੁੱਦਾ ਹੈ । ਸਮਾਨ ਅਵਸਰ ਦਿੱਤਾ ਜਾਵੇ ਤਾਂ ਵੀ ਕੋਈ ਅੱਗੇ ਨਿਕਲ ਜਾਂਦਾ ਹੈ ਕੋਈ ਪਿੱਛੇ ਰਹਿ ਜਾਂਦਾ ਹੈ । ਰੱਬ ਦੇ ਆਦੇਸ਼ਾਂ ਉਪੱਰ ਅਮਲ ਦੀ ਵੀ ਇਹੋ ਹਾਲਤ ਹੈ ਕੋਈ ਅੱਗੇ ਨਿਕਲ ਜਾਂਦਾ ਹੈ ਕੋਈ ਪਿੱਛੇ ਰਹਿ ਜਾਂਦਾ ਹੈ । ਰੱਬ ਤਾਂ ਇਹ ਫ਼ਰਮਾਉਂਦਾ ਹੈ ਕਿ ਲੋਕ ਈਮਾਨ ਕਿਉਂ ਨਹੀਂ ਲਿਆਂਦੇ, ਕੁਰਆਨ ਕਰੀਮ ਵਿੱਚ ਵੀ ਵਰਨਣ ਹੈ, ਕਿਉਂ ਆਪਣੀ ਆਕਬਤ (ਅੰਤ) ਖ਼ਰਾਬ ਕਰਦੇ ਹਨ ਪਰ ਇਹ ਮੰਗ ਕੁਰਆਨ ਕਰੀਮ ਵਿੱਚ ਨਹੀਂ ਹੈ ਕਿ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਜਿਹੇ ਮੋਮਨ ਹਰ ਕੋਈ ਕਿਉਂ ਨਹੀਂ ਬਣਦਾ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਇਕ ਮਨੁੱਖ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸੇਵਾ ਹਾਜ਼ਰ ਹੋਇਆ ਅਤੇ ਇਸਲਾਮ ਬਾਰੇ ਪੁੱਛਿਆ । ਆਪ ਨੇ ਫ਼ਰਮਾਇਆ ਦਿਨ ਰਾਤ ਵਿੱਚ ਪੰਜ ਨਮਾਜ਼ਾਂ ਪੜ੍ਹਨੀਆਂ ਫ਼ਰਜ਼ ਹਨ । ਉਸ ਨੇ ਪੁੱਛਿਆ ਇਸ ਤੋਂ ਬਿਨਾਂ ਵੀ ਕੋਈ ਹੋਰ ਨਮਾਜ਼ ਫ਼ਰਜ਼ ਹੈ, ਆਪ ਨੇ ਫ਼ਰਮਾਇਆ ਨਹੀਂ ਜੇਕਰ ਨਫ਼ਲ ਪੜ੍ਹਨਾ ਚਾਹੋ ਤਾਂ ਪੜ੍ਹ ਸਕਦੇ ਹੋ । ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਇਕ ਮਹੀਨਿ ਦੇ ਰੋਜ਼ੇ ਰਖੱਣਾ ਫ਼ਰਜ਼ ਹੈ । ਉਸ ਨੇ ਪੁੱਛਿਆ ਇਸ ਤੋਂ ਬਿਨਾ

ਵੀ ਕੋਈ ਰੋਜ਼ੇ ਫ਼ਰਜ਼ ਹਨ । ਆਪ ਨੇ ਫ਼ਰਮਾਇਆ ਨਹੀਂ, ਹਾਂ, ਨਫ਼ਲੀ ਰੋਜ਼ੇ ਰੱਖਣਾ ਚਾਹੋ ਤਾਂ ਰੱਖ ਸਕਦੇ ਹੋ । ਇਸੇ ਪ੍ਰਕਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਅਮ ਨੇ ਜ਼ਕਾਤ ਦਾ ਵੀ ਵਰਨਣ ਕੀਤਾ । ਇਸ'ਤੇ ਉਸ ਨੇ ਪੁੱਛਿਆ ਇਸ ਤੋਂ ਬਿਨਾਂ ਵੀ ਮੇਰੇ'ਤੇ ਕੋਈ ਜ਼ਕਾਤ ਫ਼ਰਜ਼ ਹੈ, ਆਪ ਨੇ ਫ਼ਰਮਾਇਆ ਨਹੀਂ । ਹਾਂ, ਪੁੰਨ ਦੀ ਖ਼ਾਤਰ ਤੁਸੀਂ ਨਫ਼ਲੀ ਸਦਕਾ ਖ਼ੈਰਾਤ ਦੇਣਾ ਚਾਹੋ ਤਾਂ ਦੇ ਸਕਦੇ ਹੋ । ਇਹ ਗੱਲਾਂ ਸੁਣਕੇ ਉਹ ਮਨੁੱਖ ਇਹ ਕਹਿੰਦਿਆਂ ਹੋਇਆਂ ਵਾਪਸ ਚਲਾ ਗਿਆ ਕਿ ਰੱਬ ਦੀ ਸੌਂਹ ! ਨ ਇਸ ਤੋਂ ਵੱਧ ਕਰਾਂਗਾ ਨ ਇਸ ਤੋਂ ਘੱਟ । ਆਪ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਜੇਕਰ ਇਹ ਮਨੁੱਖ ਸੱਚ ਕਹਿੰਦਾ ਹੈ ਤਾਂ ਇਸ ਨੂੰ ਸਫ਼ਲ ਸਮਝੋ । ਆਪ ਨੇ ਉਸ ਨੂੰ ਸਫ਼ਲਤਾ ਪਾਉਣ ਵਾਲਾ ਕਿਹਾ ਅਤੇ ਇਹ ਕਹਿ ਕੇ ਉਸ ਨੂੰ ਸਵਰਗ ਦੀ ਖ਼ੁਸ਼ਖਬਰੀ ਦਿੱਤੀ ।

ਸੋ, ਇਸ ਗੱਲ ਤੋਂ ਪਤਾ ਲਗਦਾ ਹੈ ਕਿ ਇਸਲਾਮ ਨੇ ਹਰ ਇਕ ਤੋਂ ਹਜ਼ਰਤ ਅਬੂ ਬਕਰ ਤੇ ਹਜ਼ਰਤ ਉਮਰ ਜਿਹੇ ਈਮਾਨ ਦੀ ਮੰਗ ਨਹੀਂ ਕੀਤੀ । ਹਰ ਇਕ ਦੇ ਵੱਖ ਵੱਖ ਦਰਜੇ, ਯੋਗਤਾਵਾਂ, ਸ਼ਕਤੀਆਂ ਤੇ ਈਮਾਨ (ਆਸਥਾ) ਦੇ ਮਿਆਰ ਹਨ । ਦੱਸਿਆ ਗਿਆ ਕਿ ਨਫ਼ਲਾਂ ਦੇ ਪੁੰਨ ਹੈ ਸਗੋਂ ਇਹ ਵੀ ਦੱਸਿਆਂ ਗਿਆਂ ਕਿ ਨਫ਼ਲ ਫ਼ਰਜ਼ ਦੀ ਘਾਟ ਵੀ ਪੂਰੀ ਕਰਦੇ ਹਨ । ਈਮਾਨ ਤੇ ਵਿਸ਼ਵਾਸ ਵਿੱਚ ਵਾਧਾ ਕਰਦੇ ਹਨ । ਪਰ ਇਹ ਆਦੇਸ਼ ਨਹੀਂ ਦਿੱਤਾ ਗਿਆ ਕਿ ਅਵਸ਼ ਹੀ ਹਰ ਇਕ ਲਈ ਫ਼ਰਜ਼ ਹੈ ਭਾਂਵੇਂ ਉਸ ਦੀ ਹਾਲਤ ਹੈ ਜਾਂ ਨਹੀਂ ਕਿ ਉਹ ਨਫ਼ਲ ਜ਼ਰੂਰ ਪੂਰਾ ਕਰੇ ।

ਇੱਥੇ ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਰੱਬ ਦੀ ਦ੍ਰਿਸ਼ਟੀ ਸਾਡੇ ਮਨ ਦੇ ਪਾਤਾਲ ਤੱਕ ਹੈ, ਡੂੰਘਿਆਈ ਤੱਕ ਹੈ । ਕਿਸੇ ਵੀ ਪ੍ਰਕਾਰ ਦਾ ਬਹਾਨਾ, ਆਪਣੇ ਘੱਟ ਗਿਆਨ ਜਾਂ ਘੱਟ ਅਕਲ ਜਾਂ ਯੋਗਤਾਵਾਂ ਦੀ ਘਾਟ ਦਾ ਰੱਬ ਦੀ ਹਜ਼ੂਰੀ ਵਿੱਚ ਨਹੀਂ ਚੱਲ ਸਕਦਾ । ਇਸ ਲਈ ਇਸ ਗੱਲ ਨੂੰ ਸਾਹਮਣੇ ਰਖੱਦੇ ਹੋਏ ਫਿਰ ਆਪਣੀ ਯੋਗਤਾਵਾਂ ਦੀ ਪੜਤਾਲ ਕਰਕੇ ਆਪਣੇ ਈਮਾਨ ਅਤੇ ਅਮਲ ਨੂੰ ਪਰਖਣਾ ਚਾਹੀਦਾ ਹੈ । ਇਹੋ ਨਹੀਂ ਕਿ ਥੋੜੇ ਤੋਂ ਥੋੜਾ ਮਿਆਰ ਹੈ ਤਾਂ ਬਸ ਸਾਨੂੰ ਛੁੱਟੀ ਮਿਲ ਗਈ । ਸਾਡੇ ਵਿੱਚੋਂ ਅਨੇਕਾਂ ਹੀ ਅਜਿਹੇ ਹਨ ਜੋ ਨਮਾਜ਼ ਵੀ ਅਲੱਾਹ ਦੇ ਆਦੇਸ਼ ਅਨੁਸਾਰ ਪੂਰੀ ਨਹੀਂ ਕਰਦੇ ਜੋ ਫ਼ਰਜ਼ ਹੈ । ਪੁਰੁਸ਼ਾਂ ਨੂੰ ਜਮਾਅਤ ਨਾਲ ਫ਼ਰਜ਼ ਹੈ । ਸੋ, ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਰੱਬ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ । ਜਿਵੇਂ ਸੰਸਾਰਕ ਕਾਰਜਾਂ ਵਿੱਚ ਲਈ ਜਤਨ ਹੁੰਦੇ ਹਨ । ਇਸ ਤੋਂ ਵੱਧ ਕੇ ਧਰਮ ਦੇ ਕਾਰਜਾਂ ਲਈ ਜਤਨ ਹੋਣਾ ਚਾਹੀਦਾ ਹੈ । ਯੋਗਤਾਵਾਂ ਨੂੰ ਵਧਾਉਣ ਦਾ ਵੀ ਜਤਨ ਹੋਣਾ ਜਾਹੀਦਾ ਹੈ ਸੰਸਾਰਕ ਨੀਯਮਾਂ ਵਿੱਚ ਤਾਂ ਹੋ ਸਕਦਾ ਹੈ ਕਿ ਯੋਗਤਾ ਤੋਂ ਅਧਿਕ ਭਾਰ ਪਾਇਆ ਜਾ ਰਿਹਾ ਹੋਵੇ, ਪਰ ਧਰਮ ਦੇ ਮਾਮਲੇ ਵਿੱਚ ਇਹ ਨਹੀਂ ਹੈ । ਘੱਟ ਤੋਂ ਘੱਟ ਮਿਆਰ ਦੇ ਬਾਦ ਇਹ ਇਹ ਪ੍ਰਸ਼ਨ ਹੀ ਨਹੀਂ ਪੈਦਾ ਹੋ ਸਕਦਾ ਕਿ ਯੋਗਤਾਂ ਤੋਂ ਅਧਿਕ ਕਿਸੇ ਉਪੱਰ ਭਾਰ ਪਾਇਆ ਜਾ ਰਿਹਾ ਹੋਵੇ । ਹਾਂ, ਕੁਝ ਗੱਲਾਂ ਨੂੰ ਸਮਝਣ ਲਈ ਕੁਝ ਸਹਾਰਿਆਂ ਦੀ ਲੋੜ ਪੈ ਸਕਦੀ ਹੈ । ਜਿਵੇਂ ਕਿ ਸੰਸਾਰਕ ਮਾਮਲਿਆਂ ਵਿੱਚ ਪੈਂਦੀ ਹੈ । ਇਹਨਾਂ ਸਹਾਰਿਆਂ ਵੱਲ ਕਮਜ਼ੋਰ ਮੋਮਨਾਂ ਨੂੰ ਧਿਆਨ ਕਰਨਾ ਚਾਹੀਦਾ ਹੈ । ਉਸੇ ਪ੍ਰਕਾਰ ਜਿਵੇਂ ਇਕ ਕਮਜ਼ੋਰ ਵਿਦਿਆਰਥੀ ਆਪਣੇ ਉਸਤਾਦ ਤੋਂ ਵਾਰ ਵਾਰ ਕੋਈ ਪਾਠ ਸਮਝਣ ਦਾ ਜਤਨ ਕਰਦਾ ਹੈ ਅਤੇ ਉਸਤਾਦ ਦੇ ਜਤਨਾ ਕਰਕੇ ਉਹਨਾਂ ਦੇ ਮਿਆਰ ਉਚੇ ਹੋ ਜਾਂਦੇ ਹਨ, ਪਰ ਜੇਕਰ ਉਸਤਾਦ ਮਦਦ ਨ ਕਰੇ ਤਾਂ ਬਿਲਕੁਲ ਪਿੱਛੇ ਰਹਿ ਜਾਂਦੇ ਹਨ । ਪਰ ਅਜਿਹੇ ਉਸਤਾਦ ਜੋ ਮਦਦ ਨ ਕਰਨ, ਉਹਨਾਂ ਦੇ ਰਵਈਏ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਉਸਤਾਦ ਸਹੀ ਢੰਗ ਨਾਲ ਆਪਣੇ ਫ਼ਰਜ਼ ਅਤੇ ਆਪਣਾ ਹੱਕ ਪੂਰਾ ਨਹੀਂ ਕਰ ਰਿਹਾ ਸਗੋਂ ਆਪਣੇ ਕੰਮ ਨਾਲ ਧੋਖਾ ਕਰਨ ਵਾਲਾ ਉਸਤਾਦ ਹੈ । ਏਥੇ ਮੈਂ ਧਰਮ ਲਈ ਜੋ ਉਸਤਾਦ ਨਿਰਧਾਰਤ ਹਨ ਉਹਨਾਂ ਨੂੰ ਵੀ ਧਿਆਨ ਦੁਆਉਣਾ ਚਾਹੁੰਦਾ ਹਾਂ, ਅਰਥਾਤ ਸਾਡੇ ਮੁਰੱਬੀਯਾਨ, ਮੁਬੱਲਗ਼ੀਨ ਅਤੇ ਸਾਹਿਬੇ ਗਿਆਨ ਲੋਕ ਕਿ ਰੱਬ ਨੇ ਜੋ ਉਹਨਾਂ ਦੀਆਂ ਯੋਗਤਾਵਾਂ ਨੂੰ ਵਧਾਇਆ ਹੋਇਆ ਹੈ ਉਹ ਉਹਨਾਂ ਦੀ ਉਚਿਤ ਵਰਤੋਂ ਵੀ ਕਰਨ । ਅਤੇ ਆਪਣੀਆਂ ਯੋਗਤਾਵਾਂ ਨਾਲ ਮਾੜਿਆਂ ਦੀਆਂ ਯੋਗਤਾਵਾਂ ਗਿਆਨ ਦੇ ਪੱਖੋਂ ਵਧਾਉਣ ਦਾ ਜਤਨ ਕਰਨ ਕਿਉਂਕਿ ਇਹ ਆਪ ਵੱਲੋਂ ਰੱਬ ਦੀਆਂ ਬਖ਼ਸ਼ੀਆਂ ਹੋਈਆਂ ਯੋਗਤਾਵਾਂ ਦਾ ਧੰਨਵਾਦ ਹੋਵੇਗਾ । ਜੇਕਰ ਰੱਬ ਦੀ ਹਕੀਕੀ ਸ਼ੁਕਰਗੁਜ਼ਾਰੀ ਨ ਹੋਵੇ ਤਾਂ ਮਨੁੱਖ ਗੁਨਾਹਗਾਰ ਬਣ ਜਾਂਦਾ ਹੈ ।

ਸੋ, ਮੁਬੱਲਗ਼ੀਨ ਅਤੇ ਮੁਰੱਬੀਆਂ ਨੂੰ ਤਾਂ ਰੱਬ ਨੇ ਫ਼ਰਮਾ ਦਿੱਤਾ ਹੈ ਕਿ ਤੁਹਾਡੇ ਗਿਆਨ ਕਰਕੇ ਤੁਹਾਡੀਆਂ ਯੋਗਤਾਵਾਂ ਵਧਾਈਆਂ ਗਈਆਂ ਹਨ । ਉਹਨਾਂ ਨੂੰ ਆਪਣੇ ਭਰਾਵਾਂ ਦੀਆਂ ਯੋਗਤਾਵਾਂ ਵਧਾਉਣ ਲਈ ਵਰਤੋ । ਜਿਵੇਂ ਕਿ ਅਲੱਾਹ ਤਆਲਾ ਫ਼ਰਮਾਉਦਾ ਹੈ ਕਿ : (وَلۡتَكُن مِّنكُمۡ أُمَّةٌ يَدۡعُونَ إِلَى ٱلۡخَيۡرِ (آل عمران 105) ਵਲਤਕੁਨ ਮਿਨਕੁਮ ਉਮੱਤੁਨ ਯਦਊਨਾ ਇਲਲਖ਼ੈਰ । ਅਤੇ ਤੁਹਾਡੇ ਵਿੱਚੋਂ ਇਕ ਅਜਿਹੀ ਜਮਾਤ ਹੋਣੀ ਚਾਹੀਦੀ ਹੈ ਜਿਸ ਦਾ ਕੰਮ ਇਹ ਹੋਵੇ ਕਿ ਲੋਕਾਂ ਨੂੰ ਨੇਕੀ ਵੱਲ ਬੁਲਾਏ । ਉਹਨਾਂ ਦਾ ਕੰਮ ਇਹ ਹੈ ਕਿ ਜਮਾਤ ਦੀ ਤਰਬੀਯਤ (ਦੇਖ ਰੇਖ ਤੇ ਸਿੱਖਿਆ) ਵੱਲ ਪੂਰਾ ਧਿਆਨ ਦੇਣ । ਧਾਰਮਕ ਗਿਆਨ ਉਹਨਾਂ ਨੂੰ ਕੇਵਲ ਵਿਸ਼ੇਸ਼ ਮੌਕਿਆਂ

ਤੇ ਭਾਸ਼ਣਾ ਜਾਂ ਤਰਕ ਵਿਤਰਕ ਜਾਂ ਕੇਵਲ ਕੁਝ ਲੋਕਾਂ ਨੂੰ ਪ੍ਰਚਾਰ ਕਰਨ ਲਈ ਨਹੀਂ ਸਿਖਾਇਆ ਗਿਆ । ਸਗੋਂ ਨਿਰੰਤਰ ਆਪਣੇ ਆਪ ਨੂੰ ਇਸ ਕੰਮ ਵਿੱਚ ਲੀਨ ਰੱਖਣਾ । ਇਹ ਉਹਨਾਂ ਦੇ ਫ਼ਰਜ਼ ਵਿੱਚ ਦਾਖ਼ਲ ਹੈ । ਆਪਣਿਆਂ ਦੀ ਵੀ ਤਰਬੀਯਤ ਕਰਨੀ ਹੈ । ਉਹਨਾਂ ਦੇ ਈਮਾਨ ਤੇ ਆਸਥਾ ਵਿੱਚ ਵਾਧੇ ਦੇ ਢੰਗ ਸਿਖਾਉਣੇ ਹਨ । ਦੁਨੀਆ ਨੂੰ ਭਲਾਈ ਵੱਲ ਬੁਲਾਉਣ ਲਈ ਨਵੇਂ ਤੋਂ ਨਵੇਂ ਢੰਗਾਂ ਦੀ ਕਾਢ ਕਢੱਣੀ ਹੈ । ਕਈ ਆਪਣੇ ਕੰਮ ਵੱਲ ਧਿਆਨ ਦੇਣ ਦੀ ਥਾਂ ਆਪਣੇ ਘਰੇਲੂ ਜ਼ਿੰਮੇਦਾਰੀਆਂ ਵੱਲ ਬਹੁਤਾ ਧਿਆਨ ਦੇ ਰਹੇ ਹੁੰਦੇ ਹਨ, ਕਈ ਆਪਣੇ ਆਪ ਉਪੱਰ ਲੋੜ ਤੋਂ ਵੱਧ ਧਿਆਨ ਦੇ ਰਹੇ ਹੁੰਦੇ ਹਨ । ਹਫ਼ਤੇ ਦੇ ਤਿੰਨ ਦਿਨ ਸਟੋਰਾਂ ਵਿੱਚ ਫ਼ਿਰਦੇ ਰਹਿੰਦੇ ਹਨ ।

ਜੀਵਨ ਵਕਫ਼ ਕਰਨ ਵਾਲਿਆਂ ਨੇ ਆਪਣੀ ਮਰਜ਼ੀ ਨਾਲ ਅਲੱਾਹ ਤਆਲਾ ਦੀ ਅਵਾਜ਼ ਉਪੱਰ 'ਲੱਬੈਕ' (ਹਾਜ਼ਰ ਹਾਂ) ਕਹਿੰਦਿਆਂ ਹੋਇਆਂ ਆਪਣੇ ਆਨ ਨੂੰ ਇਸ ਕੰਮ ਲਈ ਪੇਸ਼ ਕੀਤਾ ਹੈ । ਸੋ, ਇਹ ਗਿਆਨ ਤੇ ਪੇਸ਼ਕਸ਼ ਇਸ ਗੱਲ ਦਾ ਤਕਾਦਾ ਕਰਦਾ ਹੈ ਕਿ ਇਸ ਦੇ ਹੱਕ ਨੂੰ ਪੂਰਾ ਕਰੋ । ਇਹ ਠੀਕ ਹੈ ਕਿ ਇਸ ਗਿਆਨ ਨੂੰ ਸਿੱਖਣ ਤੇ ਸਿਖਾਉਣ ਵਿੱਚ ਵੀ ਸਾਰੇ ਬਰਾਬਰ ਨਹੀਂ ਹੋ ਸਕਦੇ । ਹਰ ਇਕ ਦੀਆਂ ਆਪਣੀਆਂ ਯੋਗਤਾਵਾਂ ਹਨ, ਇੱਕੋ ਜਿਹਾ ਲਾਭ ਦੂਜਿਆਂ ਨੂੰ ਹਰ ਕੋਈ ਨਹੀਂ ਪਹੁੰਚਾ ਸਕਦਾ । ਦੂਜਿਆਂ ਦੀ ਯੋਗਤਾਵਾਂ ਨੂੰ ਉਜਾਗਰ ਨਹੀਂ ਕਰ ਸਕਦਾ । ਹਰ ਇਕ ਦੀਆਂ ਆਪਣੀਆਂ ਯੋਗਤਾਵਾਂ ਧਰਮ ਸਿਖੱਣ ਤੇ ਸਿਖਾਉਣ ਵਿੱਚ ਭਿੰਨ ਹੁੰਦੀਆਂ ਹਨ । ਪਰ ਜਿੰਨ੍ਹੀ ਯੋਗਤਾ ਹੈ ਜਿੰਨ੍ਹੀ ਸ਼ਕਤੀ ਹੈ ਉਸ ਦੀ ਵਰਤੋਂ ਦੇ ਉਚਿਤ ਮਿਆਰ ਪ੍ਰਾਪਤ ਕਰਨ ਦੇ ਜਤਨ ਕੀਤੇ ਜਾਣ ਅਤੇ ਹਰ ਇਕ ਇਸ ਪ੍ਰਕਾਰ ਗੰਭੀਰਤਾ ਨਾਲ ਜਤਨ ਕਰੇਗਾ ਤਾਂ ਜਿੱਥੇ ਆਪਣੇ ਕਮਜ਼ੋਰ ਭਰਾਵਾਂ ਲਈ ਲਾਹੇਵੰਦ ਹੋਣਗੇ ਓਥੇ ਜਮਾਤ ਦੇ ਮਿਆਰ ਉਪੱਰ ਚੁਕੱਣ ਵਾਲੇ ਵੀ ਹੋਣਗੇ ।

ਇਸੇ ਪ੍ਰਕਾਰ ਅਹੁਦੇਦਾਰ ਹਨ । ਜਮਾਤ ਦੇ ਲੋਕ ਉਹਨਾਂ ਨੂੰ ਇਸ ਲਈ ਅਹੁਦੇਦਾਰ ਬਣਾਉਂਦੇ ਹਨ ਕਿ ਉਹ ਸਮਝਦੇ ਹਨ ਕਿ ਇਹ ਲੋਕ ਜਿੰਨ੍ਹਾ ਨੂੰ ਅਸੀਂ ਕੋਈ ਅਹੁਦਾ ਦੇਣਾ ਚਾਹੁੰਦੇ ਹਾਂ, ਉਹਨਾਂ ਦਾ ਦੀ ਯੋਗਤਾ, ਉਹਨਾਂ ਦਾ ਗਿਆਨ ਤੇ ਉਹਨਾ ਦੀ ਸੂਝ ਬੂਝ ਸਾਡੇ ਤੋਂ ਚੰਗੀ ਹੈ । ਇਹ ਸੋਚ ਹੋਣੀ ਚਾਹੀਦੀ ਹੈ ਕਿਉਂਕਿ ਇਸ ਤੋਂ ਬਿਨਾ ਉਹ ਆਪਣੀ ਅਮਾਨਤ ਦਾ ਹੱਕ ਪੂਰਾ ਕਨਹੀਂ ਕਰਦੇ, ਫ਼ਰਜ਼ਾਂ ਦੀ ਅਦਾਇਗੀ ਜੇਕਰ ਘੱਟ ਤੋਂ ਘੱਟ ਮਿਆਰ ਅਹੁਦੇਦਾਰ ਦੀ ਚੋਣ ਸਮੇਂ ਸਾਹਮਣੇ ਹੋਵੇ ਤਾਂ ਕਦੇ ਵੀ ਕੋਈ ਅਜਿਹਾ ਅਹੁਦੇਦਾਰ ਨਿਰਵਾਚਿਤ ਨ ਹੋਵੇ ਜੋ ਕੇਵਲ ਅਹੁਦੇ ਲਈ ਚੁਣਿਆ ਗਿਆ ਹੋਵੇ । ਬਹਿਰਹਾਲ ਅਹੁਦੇਦਾਰਾਂ ਦਾ ਵੀ ਇਹ ਫ਼ਰਜ਼ ਹੈ ਕਿ ਜਮਾਤ ਦੀ ਬੌਧਕ ਤੇ ਧਾਰਮਕ ਤਰੱਕੀ ਦੇ ਮਿਆਰਾਂ ਨੂੰ ਉਚੱਾ ਕਰਨ ਦੇ ਜਤਨ ਕਰਨ, ਉਹਨਾਂ ਦੀ ਯੋਗਤਾ ਨੂੰ ਵਧਾਉਣ ਦੇ ਜਤਨ ਕਰਨ ਤਾਂ ਜੋ ਹਰ ਇਕ ਮਨੁੱਖ ਦੀ ਆਪਣੀ ਆਪਣੀ ਪੱਖੋਂ ਯੋਗਤਾਵਾਂ ਵਿੱਚ ਵਾਧਾ ਹੁੰਦਾ ਰਹੇ । ਤਰਬੀਯਤ (ਸੀਖ, ਸਿੱਖਿਅ) ਦਾ ਮਾਮਲਾ ਹੈ ਤਾਂ ਸੈਕ੍ਰੇਟਰੀ ਸਿੱਖਿਆ ਅਤੇ ਸਦਰ (ਪ੍ਰਧਾਨ) ਜਮਾਤ ਦੇ ਨਾਲ ਬਾਕੀ ਆਮਲਾ (ਕੈਬਨਿਟ) ਦਾ ਵੀ ਫ਼ਰਜ਼ ਹੈ ਕਿ ਉਹ ਆਪਣੀ ਉਧਾਰਣ ਦੇ ਨਾਲ ਦੂਜਿਆਂ ਦੀ ਸਿੱਖਿਆ ਵੱਲ ਵੀ ਧਿਆਨ ਦੇਣ । ਉਧਾਰਣ ਲਈ ਖ਼ੁਤਬੇ (ਜੁੱਮੇ ਦੇ ਭਾਸ਼ਣ) ਸੁਨਣਾ ਹੈ, ਦਰਸ (ਪਰਵਚਨ) ਸੁਣਨਾ ਹੈ, ਜਮਾਤੀ ਪ੍ਰੋਗਰਾਮਾ ਵਿੱਚ ਸ਼ਾਮਲ ਹੋਣਾ ਹੈ ਤਾਂ ਜੋ ਧਾਰਮਕ ਅਤੇ ਸਿੱਖਿਅਕ ਤੇ ਰੂਹਾਨੀ ਤਰੱਕੀ ਹੋਵੇ । ਇਹਨਾਂ ਪ੍ਰੋਗਰਾਮਾ'ਤੇ ਲਿਆਉਣਾ ਅਤੇ ਇਹਨਾਂ ਖ਼ੁਤਬਿਆਂ ਆਦਿ ਤੋਂ ਲਾਭ ਉਠਾਕੇ ਜਮਾਤ ਦੇ ਲੋਕਾਂ ਨੂੰ ਨਿਰੰਤਰ ਚੇਤੇ ਕਰਾਉਂਦੇ ਰਹਿਣਾ ਇਹ ਅਹੁਦੇਦਾਰਾਂ ਦਾ ਕੰਮ ਹੈ । ਜਿੱਥੇ ਇਹ ਮੁਰਬੀਯਾਂ ਦਾ ਫ਼ਰਜ਼ ਹੈ ਓਥੇ ਅਹੁਦੇਦਾਰਾਂ ਦਾ ਵੀ ਇਹ ਕੰਮ ਹੈ । ਆਮਲਾ (ਕੈਬਨਿਟ) ਦੇ ਸਾਰਿਆਂ ਮੈਂਬਰਾਂ ਦਾ ਫ਼ਰਜ਼ ਹੈ ।

ਹਜ਼ੂਰ ਪੁਰ ਨੂਰ ਨੇ ਫ਼ਰਮਾਇਆ ਕਈ ਮੁਰੱਬੀਯਾਨ ਬਹੁਤ ਚੰਗੇ ਢੰਗ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਉਂਦੇ ਹਨ । ਮੇਰੇ ਖ਼ੁਤਬੇ ਦੇ ਨੋਟਸ ਵੀ ਲੈਂਦੇ ਹਨ, ਫਿਰ ਆਪਣੇ ਦਰਸਾਂ (ਪਰਵਚਨਾਂ) ਵਿੱਚ ਆਪਣੀਆਂ ਸਭਾਵਾਂ ਵਿੱਚ ਸਾਰਾ ਹਫ਼ਤਾਂ ਕਿਸੇ ਨ ਕਿਸੇ ਗੱਲ ਨੂੰ ਲੈਕੇ ਨਸੀਹਤ ਕਰਦੇ ਰਹਿੰਦੇ ਹਨ ਜਿਸ ਦਾ ਜਮਾਤ ਦੇ ਲੋਕਾਂ ਉਪੱਰ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ । ਜੇਕਰ ਇਸ ਗੱਲ ਨੂੰ ਲੈਕੇ ਅਹੁਦੇਦਾਰ ਵੀ ਅਤੇ ਜ਼ਿੰਮੇਦਾਰ ਵਿਅਕਤੀ ਵੀ ਜੋ ਹਨ ਇਸ ਗੱਲ ਨੂੰ ਲੈਕੇ ਬੈਠੇ ਰਹਿਣ ਕਿ ਅਸੀਂ ਆਪਣੇ ਦਰਸ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਕ ਕਥਨ ਸੁਣਾ ਦਿੱਤਾ ਜੋ ਲੋਕ ਸਮੇਂ ਦੇ ਖ਼ਲੀਫ਼ਾ ਦਾ ਖ਼ੁਤਬਾ ਸੁਣ ਲੈਂਦੇ ਹਨ ਇਸ ਲਈ ਵਾਰ ਵਾਰ ਜ਼ਾਤੀ ਤੌਰ'ਤੇ ਭਿੰਨ ਭਿੰਨ ਸਭਾਵਾਂ ਵਿੱਚ ਇਹਨਾਂ ਗੱਲਾਂ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ ਚੇਤੇ ਕਰਾਉਣ ਦੀ ਲੋੜ ਨਹੀਂ ਹੈ, ਉਹ ਗ਼ਲਤ ਹਨ । ਭਾਵੇਂ ਇਸ ਨੀਯਤ ਨਾਲ ਰੁਕਣ ਕਿ ਜੇਕਰ ਸਮੇਂ ਦੇ ਖ਼ਲੀਫ਼ਾ ਦੀ ਨਸੀਹਤ ਦਾ ਪ੍ਰਭਾਵ ਨਹੀਂ ਹੋਇਆ ਤਾਂ ਸਾਡੀ ਨਸੀਹਤ ਦਾ ਕੀ ਪ੍ਰਭਾਵ ਹੋਏਗਾ, ਤਾਂ ਵੀ ਗ਼ਲਤ ਹੈ । ਯਾਦਹਾਨੀ ਫਿਰ ਵੀ ਜ਼ਰੂਰੀ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਕਈ ਗਲੱਾਂ ਕਈ ਲੋਕਾਂ ਨੂੰ

ਸਮਝ ਨਹੀਂ ਆਉਂਦੀਆਂ । ਮੈਂ ਆਪ ਵੀ ਜਤਨ ਕਰਦਾ ਹਾਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨਾਂ ਦੇ ਸ਼ਬਦਾਂ ਨੂੰ ਆਪਣੇ ਸ਼ਬਦਾਂ ਵਿੱਚ ਸੌਖੇ ਢੰਗ ਨਾਲ ਪੇਸ਼ ਕਰਨ ਦਾ ਜਤਨ ਕਰਾਂ ਪਰ ਫਿਰ ਵੀ ਮੈਂ ਜਾਇਜ਼ਾ ਲਿਆ ਹੈ ਕਿ ਕਈ ਲੋਕ ਕਹਿੰਦੇ ਹਨ ਕਿ ਸਮਝ ਨਹੀਂ ਆਈ । ਜਾਂ ਜੋ ਉਹ ਸਮਝੇ ਸਹੀ ਨਹੀਂ ਸੀ । ਇਸ ਲਈ ਸਮੇਂ ਸਮੇਂ ਸੌਖੇ ਢੰਗ ਨਾਲ ਹਲਕੇ ਫੁਲਕੇ ਰੂਪ ਵਿੱਚ ਸਭਾਵਾਂ ਵਿੱਚ ਸਮਝਾਇਆ ਜਾਂਦਾ ਰਹੇ ਤਾਂ ਘੱਟ ਯੋਗਤਾਵਾਂ ਵਾਲਿਆਂ ਨੂੰ ਵੀ ਸਮਝ ਆ ਜਾਂਦਾ ਹੈ ।

ਫ਼ਰਮਾਇਆ ਫਿਰ ਧਿਆਨ ਪੂਰਬ ਖ਼ੁਤਬੇ ਸੁਨਣੇ ਚਾਹੀਦੇ ਹਨ । ਖ਼ੁਤਬਿਆਂ ਸਮੇਂ ਵੀ ਮੈਂ ਕਈ ਵਾਰ ਦੇਖਿਆ ਹੈ ਕਿ ਕਈ ਲੋਕ ਆਪ ਵੀ ਅਨੁਭਵ ਕਰਦੇ ਹੋਣਗੇ ਕਿ ਕਈ ਵਾਰ ਊਂਘ ਜਾਂਦੇ ਹਨ, ਫਿਰ ਕਈ ਅਜਿਹੇ ਵੀ ਹਨ ਜੋ ਸਹੀਂ ਤਰ੍ਹਾਂ ਸੁਣ ਨਹੀਂ ਸਕਦੇ, ਅਰਥ ਨਹੀਂ ਕੱਢ ਸਕਦੇ, ਕਈ ਆਪਣੀਆਂ ਸੋਚਾਂ ਵਿੱਚ ਗੁੰਮ ਹੋ ਜਾਂਦੇ ਹਨ । ਅਜਿਹੀਆਂ ਕਈ ਕਿਸਮਾਂ ਦੇ ਲੋਕ ਹਨ, ਕੀ ਕੇਵਲ ਉਹਨਾਂ ਲਈ ਇਹ ਮੰਨ ਲੈਣਾ ਕਿ ਉਹਨਾਂ ਨੇ ਖ਼ੁਤਬਾ ਸੁਣ ਲਿਆ ਹੈ, ਭਾਸ਼ਣ ਸੁਣ ਲਿਆ ਹੈ, ਇਸ ਵਿੱਚ ਕੀ ਪ੍ਰਭਾਵ ਹੋ ਸਕਦਾ ਹੈ । ਇਸ ਲਈ ਉਹਨਾਂ ਲਈ ਯਾਦਹਾਨੀ ਤੇ ਧਿਆਨ ਦੁਆਉਣ ਦੀ ਲੋੜ ਹੈ ਜੋ ਬਾਦ ਵਿੱਚ ਕਰਾਈ ਜਾਂਦੀ ਰਹਿਣੀ ਚਾਹੀਦੀ ਹੈ । ਜਲਸਿਆਂ ਵਿੱਚ ਤਾਂ ਕਈ ਲੋਕ ਇਸ ਲਈ ਵੀ ਨਾਰਾ ਲਗਾ ਦਿੰਦੇ ਹਨ ਕਿ ਆਲ੍ਹੇ ਦੁਆਲੇ ਬੈਠੇ ਹੋਇਆਂ ਨੂੰ ਊਂਘਦਾ ਹੋਇਆਂ ਦੇਖਦੇ ਹਨ ਜਾਂ ਅਪਣੀ ਨੀਂਦਰ ਮਿਟਾਉਣਾ ਚਾਹੁੰਦੇ ਹਨ । ਸੋ, ਤਕਰੀਰ (ਭਾਸ਼ਣ) ਸੁਨਣਾ, ਖ਼ਤਬਾ ਸੁਨਣਾ ਧਿਆਨ ਨਾਲ ਸੁਨਣਾ ਉਸ ਨੂੰ ਜਜ਼ਬ ਕਰਨਾ, ਉਸ'ਤੇ ਅਮਲ ਕਰਨਾ, ਇਹ ਸਾਰੀਆਂ ਗੱਲਾਂ ਆਪਣੀ ਆਪਣੀ ਯੋਗਤਾ ਉਪੱਰ ਨਿਰਭਰ ਕਰਦੀਆਂ ਹਨ ਅਤੇ ਜੇਕਰ ਚੇਤੇ ਕਰਾਇਆ ਜਾਂਦਾ ਰਹੇ ਤਾਂ ਯੋਗਤਾਵਾਂ ਵੱਧ ਜਾਂਦੀਆਂ ਹਨ ।

ਫਿਰ ਇਸਲਾਮ ਹਰ ਮੋਮਨ ਲਈ ਇਹ ਜ਼ਰੂਰੀ ਕਰਾਰ ਦਿੰਦਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਨਾਲ ਅਗਾਂਹ ਵਧਣ ਦਾ ਜਤਨ ਕਰੇ । ਕੇਵਲ ਮੁਰੱਬੀਯਾਨ ਜਾਂ ਅਹੁਦੇਦਾਰਾਂ ਦਾ ਕੰਮ ਹੀ ਨਹੀਂ ਹੈ । ਨਮਾਜ਼ ਲਈ ਮਸਜਿਦਾਂ ਵਿੱਚ ਲਿਆਉਣ ਵੱਲ ਆਲੇ ਦੁਆਲੇ ਰਹਿੰਦੇ ਗੁਆਂਢੀ ਵੀ ਜਤਨ ਕਰਨ । ਅਤੇ ਇਹ ਕਹੀਕੀ ਇਸਲਾਮੀ ਮਿਲਵਰਤਨ ਵੀ ਹੈ । ਇਕ ਦੂਜੇ ਨਾਲ ਭਾਈਚਾਰਾ ਤੇ ਸਨੇਹ ਵੀ ਹੈ, ਉਹਨਾਂ ਦਾ ਖ਼ਿਆਲ ਰੱਖਿਆ ਜਾਵੇ, ਉਹਨਾਂ ਨੂੰ ਉਹਨਾਂ ਦੇ ਫ਼ਰਜਾਂ ਵੱਲ ਧਿਆਨ ਦੁਆਇਆ ਜਾਵੇ । ਰੱਬ ਨੇ ਮੋਮਨਾਂ ਉਪੱਰ ਇਹ ਵੀ ਫ਼ਰਜ਼ ਕੀਤਾ ਹੈ ਕਿ ਜੱਦ ਉਹ ਅੱਗੇ ਵੱਧਣ ਤਾਂ ਆਪਣੇ ਭਰਾਵਾਂ ਨੂੰ ਬੁਲਾਉਣ ਕਿ ਆਓ ਇਹ ਹਾਸਲ ਕਰੋ । ਜੋ ਕਮਜ਼ੋਰ ਹਨ ਉਹਨਾਂ ਨੂੰ ਖਿੱਚ ਕੇ ਨਾਲ ਰਲਾਓ । ਇਹ ਕੰਮ ਆਪ ਵੀ ਉਹਨਾਂ ਨੂੰ ਰੱਬ ਦੇ ਪੁਰਸਕਾਰਾਂ ਦਾ ਭਾਗੀ ਬਣਾਏਗਾ । ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਭਲਾਈ ਵੱਲ ਲੈ ਜਾਣ ਵਾਲਾ ਪੁੰਨ ਦਾ ਉਸੇ ਪ੍ਰਕਾਰ ਅਧਿਕਾਰੀ ਹੋ ਜਾਂਦਾ ਹੈ ਜਿਵੇਂ ਕਿ ਨੇਕੀ ਕਰਨ ਵਾਲਾ । ਸੋ, ਜਮਾਤ ਨਾਲ ਨਮਾਜ਼ ਪੜ੍ਹਨ ਵਾਲੇ ਜਿੱਥੇ ਆਪਣੀ ਬਾਜਮਾਤ ਨਮਾਜ਼ ਪੜ੍ਹਨ ਦਾ ਸਤਾਈ ਗੁਣਾ ਪੁੰਨ ਮਿਲੇਗਾ ਓਥੇ ਉਹ ਆਪਣੇ ਨਾਲ ਜਿੰਨ੍ਹੇ ਲੋਕ ਲਿਆਏਗਾ ਉਹਨਾਂ ਦਾ ਪੁੰਨ ਵੀ ਕਮਾ ਰਿਹਾ ਹੋਵੇਗਾ । ਉਧਾਰਣ ਲਈ ਇਕ ਮਨੁੱਖ ਆਪਣੇ ਨਾਲ ਤਿੰਨ ਵਿਅਕਤੀਆਂ ਨੂੰ ਨਮਾਜ਼ ਲਈ ਲੈਕੇ ਆਉਂਦਾ ਹੈ ਤਾਂ ਇਸ ਨਮਾਜ਼ ਵਿੱਚ ਉਸ ਦਾ ਪੁੰਨ ਸਤਾਈ ਗੁਣਾ ਦੀ ਥਾਂ ਇਕ ਸੌ ਅੱਠ ਗੁਣਾ ਹੋ ਜਾਵੇਗਾ । ਅਤੇ ਦੇਖੋ ਰੱਬ ਦੇ ਵੀ ਆਪਣੇ ਬੰਦਿਆਂ ਨੂੰ ਨਿਵਾਜਣ ਦੇ ਕੀ ਕੀ ਅੰਦਾਜ਼ ਹਨ । ਇਸ ਲਈ ਸਾਡੇ ਵਿੱਚੋਂ ਹਰ ਕੋਈ ਜਿੱਥੇ ਆਪ ਧਰਮ ਦੇ ਕਾਰਜਾਂ ਵਿੱਚ ਚੁਸਤ ਹੋਵੇ ਓਥੇ ਦੂਜਿਆਂ ਨੂੰ ਵੀ ਚੁਸਤ ਕਰਨ ਦੇ ਜਤਨ ਕਰੇ । ਅਤੇ ਜੇਕਰ ਹਰ ਕੋਈ ਇਸ ਸੋਚ ਨਾਲ ਕੰਮ ਕਰੇ ਤਾਂ ਅਸੀਂ ਨ ਕੇਵਲ ਦੂਜਿਆਂ ਦੀਆਂ ਯੋਗਤਾਵਾਂ ਵਧਾਉਣ ਵਿੱਚ ਭਾਗੀਦਾਰ ਬਣ ਰਹੇ ਹੋਵਾਂਗੇ ਸਗੋਂ ਆਪਣੀਆਂ ਯੋਗਤਾਵਾਂ ਵਿੱਚ ਵੀ ਇਸ ਸੋਚ ਨਾਲ ਵਧਾ ਰਹੇ ਹੋਵਾਂਗੇ ਕਿ ਮੈਂ ਵੀ ਇਕ ਥਾਂ ਖੜੋਤੇ ਨਹੀਂ ਰਹਿਣਾ ਸਗੋਂ ਤਰੱਕੀ ਕਰਨੀ ਹੈ ਅਤੇ ਫਿਰ ਦੂਜਿਆਂ ਨੂੰ ਭਲਾਈ ਪ੍ਰਦਾਨ ਕਰਕੇ ਰੱਬ ਦੇ ਕਈ ਗੁਣਾ ਮਿਹਰਾਂ ਦੇ ਭਾਗੀ ਬਣ ਰਹੇ ਹੋਵਾਂਗੇ । ਅਤੇ ਇਹ ਸੋਚ ਜਮਾਤ ਦੀ ਸਾਧਾਰਣ ਤਰੱਕੀ ਵਿੱਚ ਵੀ ਇਕ ਪਰਿਵਰਤਨ ਕਰਨ ਵਾਲੀ ਬਣ ਜਾਵੇਗੀ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਯੋਗਤਾ ਪ੍ਰਦਾਨ ਫ਼ਰਮਾਏ ਕਿ ਅਸੀਂ ਆਪਣੀਆਂ ਯੋਗਤਾਵਾਂ ਨੂੰ ਵਧਾਉਂਦੇ ਚਲੇ ਜਾਣ ਵਾਲੇ ਹੋਈਏ ਅਤੇ ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਵਾਲੇ ਹੋਈਏ ।

ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਨਮਾਜ਼ਾਂ ਦੀ ਅਦਾਇਗੀ ਦੇ ਬਾਦ ਦੋ ਜਨਾਜ਼ਾਹ ਗ਼ੈਬ ਵੀ ਪੜ੍ਹਾਏ । ਇਕ ਮੁਹਤਰਮਾ ਜਨਾਨੁਲ ਅਨਾ ਸਾਹਿਬਾ ਸ਼ਾਮ ਦੀ ਰਹਿਣ ਵਾਲੀ ਹਨ ਜੋ ਅੱਜਕਲ ਤੁਰਕੀ ਵਿੱਚ ਸਨ, ਜੋ 23 ਜਨਵਰੀ 2015 ਈ. ਨੂੰ 57 ਸਾਲ ਦੀ ਉਮਰ ਭੋਗ ਕੇ ਰੱਬ ਨੂ ਪਿਆਰੀ ਹੋ ਗਈ । (إِنَّا لِلّٰهِ وَإِنَّا إِلَيْهِ رَاجِعُونَ) ਇੰਨਾ ਲਿਲੱਾਹਿ ਵ ਇੰਨਾ ਇਲੈਹਿ ਰਾਜਿਊਨ ।

ਦੂਜਾ ਜਨਾਜ਼ਾਹ ਮੁਕਰਮਾ ਹਬੀਬਾ ਸਾਹਿਬਾ ਆਫ਼ ਮੈਕਸੀਕੋ ਦਾ, ਜੋ 19 ਜਨਵਰੀ 2015 ਈ. ਨੂੰ ਸੌ ਸਾਲ ਤੋਂ ਵੱਧ ਦੀ ਉਮਰ ਭੋਗ ਕੇ ਰੱਬ ਨੂੰ ਪਿਆਰੀ ਹੋਈਂ । (إِنَّا لِلّٰهِ وَإِنَّا إِلَيْهِ رَاجِعُونَ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਆਪ ਦੇ ਜੂਨ 4014 ਈ. ਵਿੱਚ ਅਹਮਦੀਅਤ ਕਬੂਲ ਕੀਤੀ ਸੀ । ਅਲੱਾਹ ਤਆਲਾ ਇਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀਆਂ ਨਸਲਾਂ ਨੂੰ ਹਮੇਸ਼ਾ ਅਹਮਦੀਆਂ ਮੁਸਲਿਮ ਜਮਾਤ ਨਾਲ ਸਲੰਗਤ ਰੱਖੇ । ਆਮੀਨ ।

**Khulasa Khutba 30.01.2014**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131